## ਸ਼ੇਖ ਫ਼ਰੀਦ - ਸਬਦ ੫੪

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥

ਸਾਰ: ਬਾਹਰੀ ਦਿੱਖ ਉਦੋਂ ਧੋਖਾ ਪੈਦਾ ਕਰਦੀ ਹੈ ਜਦੋਂ ਸਾਡਾ ਬਾਹਰੀ ਪਹਿਰਾਵਾ ਅਤੇ ਨੇਕ ਵਿਵਹਾਰ ਅੰਤਰੀਵੀ ਕਪਟ ਨੂੰ ਲੁਕਾਉਂਦੇ ਹਨ। ਬਾਹਰੀ ਧਾਰਮਿਕਤਾ ਅਤੇ ਲੁਕਵੇਂ ਇਰਾਦਿਆਂ ਵਿਚਕਾਰ ਇਹ ਅੰਤਰ, ਪਖੰਡ ਨੂੰ ਉਜਾਗਰ ਕਰਦਾ ਹੈ, ਇਹ ਉਹ ਪਾੜਾ ਪੈਦਾ ਕਰਦੇ ਹਨ ਜਿੱਥੇ ਕ੍ਰੋਧਮਈ ਵਿਚਾਰਾਂ ਨੂੰ ਮਿੱਠੇ ਬੋਲਾਂ ਅਤੇ ਨੇਕ ਕਰਮਾਂ ਦੀ ਤਹਿ ਅੰਦਰ ਬੇਰਹਿਮੀ ਨੂੰ ਦੱਬ ਲਿਆ ਜਾਂਦਾ ਹੈ। ਇਹ ਅਸਥਿਰਤਾ ਧਰਮ ਨੂੰ ਕਰਮ-ਕਾਂਡਾਂ ਅਤੇ ਨੈਤਿਕਤਾ ਨੂੰ ਅਮੂਰਤਤਾ ਵਿਚ ਬਦਲ ਦਿੰਦੀ ਹੈ। ਇਹ ਆਲੋਚਨਾ ਸਿਰਫ਼ ਬਾਹਰੀ ਦਿਖਾਵਟ ਬਾਰੇ ਹੀ ਨਹੀਂ ਸਗੋਂ ਇਨ੍ਹਾਂ ਪ੍ਰਤੀਕਾਂ ਰਾਹੀਂ ਆਪਣੇ ਅੰਦਰ ਦੇ ਕੋਝੇ ਸੰਸਾਰ ਨੂੰ ਲੁਕਾਉਣ ਬਾਰੇ ਵੀ ਕਟਾਖ਼ਸ਼ ਕਰਦੀ ਹੈ। ਸੱਚੀ ਦਿਆਨਤਦਾਰੀ ਲਈ ਸਾਡੇ ਬਾਹਰੀ ਦਿਖਾਵੇ ਦਾ ਸਾਡੇ ਅੰਤਰੀਵੀ ਸੰਸਾਰ ਨਾਲ ਇਕਸੁਰ ਹੋਣਾ ਅਤੀ ਲੋੜੀਂਦਾ ਹੁੰਦਾ ਹੈ, ਜੋ ਨੇਕ ਸੰਬੰਧ ਅਤੇ ਭਰੋਸੇ ਨੂੰ ਸਿਰਜਤ ਕਰਦਾ ਹੈ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਫਰੀਦ ਕਹਿੰਦੇ ਹਨ ਕਿ ਬੰਦਗੀ ਵਾਲੀ ਵਿਛਾਈ ਮੋਢੇ 'ਤੇ ਚੁੱਕੀ ਹੋਈ ਹੈ ਅਤੇ ਧਾਰਮਿਕ ਲਿਬਾਸ ਧਾਰਨ ਕੀਤਾ ਹੋਣ ਦੇ ਬਾਵਜੂਦ ਵੀ, ਦਿਲ ਵਿਚ ਕੈਂਚੀ ਚਲ ਰਹੀ ਹੈ ਅਤੇ ਬੋਲ ਗੁੜ ਦੀ ਤਰ੍ਹਾਂ ਮਿਠਾਸ ਨਾਲ ਭਰੇ ਹੋਏ ਹਨ। । ਇਹ ਭਾਵ ਸਵੈ-ਵਿਛੋੜੇ ਦਾ ਪ੍ਰਤੀਕ ਹੈ ਜਿਥੇ ਕੋਈ ਨੇਕੀ ਦਾ ਦਿਖਾਵਾ ਕਰਦਾ ਹੈ ਪਰ ਅੰਤਰੀਵੀ ਤੌਰ ਕਪਟ ਨਾਲ ਭਰਿਆ ਹੁੰਦਾ ਹੈ।

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥
ਬਾਹਰੀ ਤੌਰ ਤਾਂ ਉਹ ਰੂਹਾਨੀ ਤੌਰ ਤੇ ਉਜਲ ਦਿਖਾਈ ਦਿੰਦੇ ਹਨ, ਪਰ ਦਿਲ ਦੇ ਅੰਦਰ, ਕਾਲੀ ਰਾਤ ਵਰਗਾ ਹਨ੍ਹੇਰਾ ਹੈ। ਇਹ ਭਾਵ ਪਖੰਡ ਦੀ ਉਸ ਸਥਿਤੀ ਨੂੰ ਦਰਸਾਉਂਦਾ ਹੈ, ਜਿਥੇ ਬਾਹਰੀ ਰੂਪ ਰੂਹਾਨੀਅਤ ਦਾ ਮੁਜਸਮਾ ਹੈ ਪਰ ਅੰਤਰੀਵੀ ਸੰਸਾਰ ਅਗਿਆਨਤਾ ਅਤੇ ਧੋਖੇ ਵਿਚ ਡੁੱਬਿਆ ਹੋਇਆ ਹੈ। (੫੦)

**ਤੱਤ:** ਸ਼ੇਖ ਫ਼ਰੀਦ ਪਖੰਡ ਦੇ ਉਸ ਅਸਲ ਖਤਰੇ ਨੂੰ ਜੱਗ ਜ਼ਾਹਿਰ ਕਰਦੇ ਹਨ: ਜੋ ਦੂਜਿਆਂ ਨੂੰ ਗੁੰਮਰਾਹ ਕਰਦਾ ਹੈ, ਪਰ ਇਸ ਤੋਂ ਪਹਿਲਾਂ ਇਹ ਆਪਣੇ ਆਪ ਨੂੰ ਵੀ ਕੁਰਾਹੇ ਪਾ ਲੈਂਦਾ ਹੈ। ਇਹ ਦੋਗਲਾਪਣ ਇਕ ਪਾੜਾ ਪੈਦਾ ਕਰਦਾ ਹੈ ਜਿਸ ਵਿਚ ਬਾਹਰੀ ਦਿੱਖ ਅਤੇ ਧਾਰਮਿਕ ਚਿੰਨ੍ਹ ਪ੍ਰਮਾਣਿਕ ਵਿਸ਼ਵਾਸ ਨੂੰ ਦਰਸਾਉਣ ਦੀ ਬਜਾਏ ਨੇਕ ਇਰਾਦਿਆਂ ਨੂੰ ਧੁੰਦਲਾ ਕਰਦੇ ਹਨ। ਅਜਿਹਾ ਦਿਖਾਵਾ ਝੂਠੀ ਪਛਾਣ ਵਿਚ ਬਦਲ ਜਾਂਦਾ ਹੈ, ਜੋ ਅੰਤਹਕਰਣ ਨੂੰ ਸੁੰਨ ਕਰ ਦਿੰਦਾ ਹੈ। ਪਖੰਡ ਇਕ ਭ੍ਰਿਸ਼ਟ ਮਨੋਬਰਿਤੀ ਨੂੰ ਦਰਸਾਉਂਦਾ ਹੈ ਜੋ ਗੁਣ ਦੇ ਰੂਪ ਵਿਚ ਭੇਸ ਧਾਰਨ ਕਰ, ਆਪਣੇ ਆਪ ਅਤੇ ਸਮਾਜ ਦੋਵਾਂ ਨੂੰ ਕਮਜ਼ੋਰ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**